Lakeridge Health



Cynthia Davis
ਪ੍ਰੈਜ਼ੀਡੈਂਟ ਅਤੇ CEO



Dr. Tony Stone
ਚੀਫ਼ ਆਫ਼ ਸਟਾਫ਼

**13 ਅਪ੍ਰੈਲ 2021**

**ਪਿਆਰੇ ਦੋਸਤੋ ਅਤੇ ਗੁਆਂਢੀਓ,**

ਸਾਡੇ ਭਾਈਚਾਰੇ ਵਿੱਚ ਕੋਵਿਡ-19 ਦੇ ਫੈਲਾਅ ਨੂੰ ਰੋਕਣ ਲਈ ਤੁਸੀਂ ਜੋ ਵੀ ਕਰ ਰਹੇ ਹੋ ਉਸ ਲਈ ਤੁਹਾਡਾ ਧੰਨਵਾਦ। ਬਦਕਿਸਮਤੀ ਨਾਲ, ਅਸੀਂ ਐਮਰਜੈਂਸੀ ਦੇ ਇਸ ਤੀਜੇ ਪੜਾਅ ਅਤੇ ਸੂਬਾਈ ਘਰ ਰਹਿਣ ਦੇ ਆਰਡਰ (Stay-at-Home Order) ਦੇ ਦੌਰਾਨ ਇੱਕ ਬਹੁਤ ਹੀ ਗੰਭੀਰ ਸਥਿਤੀ ਵਿੱਚ ਪਹੁੰਚ ਗਏ ਹਾਂ।

ਹੁਣ, ਪਹਿਲਾਂ ਨਾਲੋਂ ਵੀ ਜ਼ਿਆਦਾ, ਅਸੀਂ ਇਸ ਵਾਇਰਸ ਨੂੰ ਕਾਬੂ ਕਰਨ ਲਈ ਸੂਬਾਈ ਨਿਰਦੇਸ਼ਾਂ ਪ੍ਰਤੀ ਸਾਂਝੀ ਵਚਨਬੱਧਤਾ 'ਤੇ ਨਿਰਭਰ ਕਰਦੇ ਹਾਂ।

ਸਾਡੇ ਹਸਪਤਾਲ ਨਾਜ਼ੁਕ ਦੇਖਭਾਲ ਦੀ ਸਮਰੱਥਾ 'ਤੇ ਬਹੁਤ ਦਬਾਅ ਦਾ ਸਾਹਮਣਾ ਕਰ ਰਹੇ ਹਨ। ਅਸੀਂ Ontario ਵਿੱਚ ਕੋਵਿਡ-19 ਦੇ ਸਭ ਤੋਂ ਵੱਧ ਮਾਮਲਿਆਂ, ਵਾਇਰਸ ਦੇ ਵਿਆਪਕ ਭਾਈਚਾਰੇ ਵਿੱਚ ਪ੍ਰਸਾਰ, ਅਤੇ ਮਹਾਂਮਾਰੀ ਦੇ ਦੌਰਾਨ ਕਿਸੇ ਵੀ ਸਮੇਂ ਨਾਲੋਂ ਜ਼ਿਆਦਾ ਨਾਜ਼ੁਕ ਦੇਖਭਾਲ ਦਾਖਲਿਆਂ ਦਾ ਸਾਹਮਣਾ ਕਰ ਰਹੇ ਹਾਂ। ਘਰ ਦੇ ਨਜ਼ਦੀਕ, Lakeridge Health ਵਿਖੇ, Durham Region ਵਿੱਚ ਨਾਜ਼ੁਕ ਦੇਖਭਾਲ ਅਤੇ ਡਾਕਟਰੀ ਦਾਖਲਿਆਂ ਦੀ ਸੰਖਿਆ ਵੇਵ 1 ਜਾਂ 2 ਦੌਰਾਨ ਕਿਸੇ ਵੀ ਸਮੇਂ ਨਾਲੋਂ ਵੱਧ ਹੈ। ਹੈਰਾਨੀ ਦੀ ਗੱਲ ਹੈ ਕਿ ਇਹ ਦਾਖਲੇ ਲਗਾਤਾਰ ਵਧਦੇ ਜਾ ਰਹੇ ਹਨ।

ਪਰ ਮਹਾਂਮਾਰੀ ਦੇ ਦਬਾਅ ਦੇ ਬਾਵਜੂਦ, ਅਸੀਂ ਹੱਲ ਲੱਭ ਰਹੇ ਹਾਂ। ਸਾਡਾ ਸਟਾਫ਼ ਅਤੇ ਡਾਕਟਰ - ਜੋ ਕਿ ਮਾਪੇ, ਸਾਥੀ, ਭੈਣ-ਭਰਾ, ਬੇਟੇ ਅਤੇ ਧੀਆਂ ਵੀ ਹਨ - ਹਰ ਰੋਜ਼ ਹਮਦਰਦੀ ਅਤੇ ਦਿਆਲਤਾ ਨਾਲ ਉੱਚ ਗੁਣਵੱਤਾ ਵਾਲੀ ਅਤੇ ਸੁਰੱਖਿਅਤ ਦੇਖਭਾਲ ਮੁਹੱਈਆ ਕਰਨ ਲਈ ਆਉਂਦੇ ਹਨ। ਇੱਕ ਸਿਸਟਮ ਦੇ ਤੌਰ 'ਤੇ, Ontario ਦੇ ਹਸਪਤਾਲ, ਲੋੜ ਪੈਣ 'ਤੇ, ਮਰੀਜ਼ਾਂ ਦੇ ਵਿਚਕਾਰ, ਸਹੂਲਤਾਂ ਦੇ ਵਿਚਕਾਰ ਸਰੋਤਾਂ ਨੂੰ ਸਾਂਝਾ ਅਤੇ ਟ੍ਰਾਂਸਫਰ ਕਰਨ ਲਈ ਮਿਲ ਕੇ ਕੰਮ ਕਰ ਰਹੇ ਹਨ। ਇਸ ਤੋਂ ਇਲਾਵਾ, ਅਸੀਂ ਜਿੰਨੀ ਜਲਦੀ ਹੋ ਸਕੇ Durham Region ਦੇ ਜਿੰਨੇ ਹੋ ਸਕੇ ਵਸਨੀਕਾਂ ਨੂੰ ਟੀਕਾ ਲਗਾਉਣ ਲਈ ਆਪਣੇ ਸਥਾਨਕ ਸਿਹਤ ਭਾਈਵਾਲਾਂ ਨਾਲ ਮਿਲ ਕੇ ਕੰਮ ਕਰ ਰਹੇ ਹਾਂ।

**ਸਾਡੀ ਜ਼ਰੂਰੀ ਅਤੇ ਐਮਰਜੈਂਸੀ ਦੇਖਭਾਲ ਮੁਹੱਈਆ ਕਰਨ ਦੀ ਯੋਗਤਾ ਨੂੰ ਯਕੀਨੀ ਬਣਾਉਣਾ**

ਮਹਾਂਮਾਰੀ ਦੀ ਸਥਿਤੀ ਤੇਜ਼ੀ ਨਾਲ ਵਿਕਸਿਤ ਹੋ ਰਹੀ ਹੈ, ਅਤੇ Lakeridge Health ਮਰੀਜ਼ਾਂ, ਪਰਿਵਾਰਾਂ ਅਤੇ ਸਟਾਫ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਅਸਲ-ਸਮੇਂ ਵਿੱਚ ਫੈਸਲੇ ਲੈ ਰਹੀ ਹੈ।

ਇਸ ਸਮੇਂ, ਐਮਰਜੈਂਸੀ ਸਰਜਰੀਆਂ, ਅਤੇ ਨਾਲ ਹੀ ਤਰਜੀਹੀ ਗੈਰ-ਐਮਰਜੈਂਸੀ ਅਤੇ ਸਮੇਂ ਪ੍ਰਤੀ ਸੰਵੇਦਨਸ਼ੀਲ ਸਰਜਰੀਆਂ, ਜਿਵੇਂ ਕਿ ਕੈਂਸਰ ਦੀਆਂ ਸਰਜਰੀਆਂ ਜਾਰੀ ਰਹਿਣਗੀਆਂ। ਪਰ ਅਸੀ ਜ਼ਰੂਰੀ ਅਤੇ ਐਮਰਜੈਂਸੀ ਦੇਖਭਾਲ ਮੁਹੱਈਆ ਕਰਨ ਦੀ ਸਾਡੀ ਯੋਗਤਾ ਦੀ ਰੱਖਿਆ ਲਈ ਅਸੀਂ ਸਾਰੀਆਂ ਗੈਰ-ਜ਼ਰੂਰੀ ਅਤੇ ਗੈਰ-ਐਮਰਜੈਂਸੀ ਸੇਵਾਵਾਂ ਨੂੰ ਘਟਾ ਰਹੇ ਹਾਂ। ਇਹਨਾਂ ਘਟਾਈਆਂ ਗਈਆਂ ਸੇਵਾਵਾਂ ਵਿੱਚ ਐਕਸ-ਰੇ, ਖੂਨ ਦੀ ਜਾਂਚ, ਮੁੜ ਵਸੇਬਾ ਅਤੇ ਹੋਰ ਬਾਹਰੀ ਮਰੀਜ਼ਾਂ ਦੀਆਂ ਸੇਵਾਵਾਂ ਸ਼ਾਮਲ ਹਨ।

ਅਜਿਹਾ ਕਰਨ ਨਾਲ, ਅਸੀਂ ਆਪਣੇ ਹਸਪਤਾਲਾਂ ਵਿੱਚ ਵਧੇਰੇ ਸਮਰੱਥਾ ਪੈਦਾ ਕਰ ਰਹੇ ਹਾਂ - ਉਹਨਾਂ ਮਰੀਜ਼ਾਂ ਦੀ ਸੇਵਾ ਕਰਨ ਲਈ ਜੋ ਇਸ ਸਮੇਂ ਸਾਡੇ ਕੋਲ ਹਨ ਅਤੇ ਜਿਨ੍ਹਾਂ ਨੂੰ ਅਸੀਂ ਆਉਣ ਵਾਲੇ ਹਫ਼ਤਿਆਂ ਵਿੱਚ ਦੇਖਣ ਦੀ ਉਮੀਦ ਕਰਦੇ ਹਾਂ - ਥਾਂ ਅਤੇ ਸਟਾਫ।

| ਜਾਰੀ | ਘਟਾਉਣਾ |
|---|---|
| • ਐਮਰਜੈਂਸੀ ਅਤੇ ਜ਼ਰੂਰੀ ਸਰਜਰੀਆਂ<br>• ਤਰਜੀਹੀ ਗੈਰ-ਐਮਰਜੈਂਸੀ ਸਰਜਰੀਆਂ ਅਤੇ ਸਮੇਂ ਪ੍ਰਤੀ ਸੰਵੇਦਨਸ਼ੀਲ ਸਰਜਰੀਆਂ, ਉਦਾਹਰਨ ਲਈ ਕੈਂਸਰ ਦੀਆਂ ਸਰਜਰੀਆਂ। | • ਗੈਰ-ਜ਼ਰੂਰੀ, ਗੈਰ-ਐਮਰਜੈਂਸੀ ਸੇਵਾਵਾਂ ਉਦਾਹਰਣ ਵਜੋਂ, ਕੂਲ੍ਹਾ ਬਦਲਣਾ।<br>• ਐਂਬੂਲੈਟਰੀ ਸੇਵਾਵਾਂ ਜਿਵੇਂ ਕਿ ਐਕਸ-ਰੇ, ਖ਼ੂਨ ਦੀ ਜਾਂਚ, ਮੁੜ ਵਸੇਬਾ ਅਤੇ ਹੋਰ ਬਾਹਰੀ ਮਰੀਜ਼ਾਂ ਦੀਆਂ ਸੇਵਾਵਾਂ। |

ਅਸੀਂ ਜਾਣਦੇ ਹਾਂ ਕਿ ਗੈਰ-ਜ਼ਰੂਰੀ ਅਤੇ ਗੈਰ-ਐਮਰਜੈਂਸੀ ਸੇਵਾਵਾਂ ਨੂੰ ਘਟਾਉਣਾ ਬਹੁਤ ਸਾਰੇ ਲੋਕਾਂ ਲਈ ਵਿਘਨਕਾਰੀ ਹੋਵੇਗਾ। ਪਰ, ਅਸੀਂ ਆਪਣੀਆਂ ਸਮਰੱਥਾ ਦੀਆਂ ਲੋੜਾਂ ਦਾ ਰੋਜ਼ਾਨਾ ਮੁਲਾਂਕਣ ਕਰ ਰਹੇ ਹਾਂ ਅਤੇ ਆਸ ਕਰਦੇ ਹਾਂ ਕਿ ਅਸੀਂ ਜਲਦੀ ਹੀ ਇਨ੍ਹਾਂ ਸੇਵਾਵਾਂ ਨੂੰ ਮੁੜ ਤੋਂ ਸ਼ੁਰੂ ਕਰ ਸਕਦੇ ਹਾਂ।

**ਆਪਣੀ ਟੀਕੇ ਦੀ ਅਪਾਇੰਟਮੈਂਟ ਬੁੱਕ ਕਰੋ**

ਸੂਬਾਈ ਘਰ ਰਹਿਣ ਦੇ ਆਰਡਰ ਅਨੁਸਾਰ ਹਰੇਕ ਨੂੰ ਜ਼ਰੂਰੀ ਉਦੇਸ਼ਾਂ - ਕਰਿਆਨੇ ਦੀ ਦੁਕਾਨ ਜਾਂ ਫਾਰਮੇਸੀ ਵਿੱਚ ਜਾਣਾ, ਸਿਹਤ ਦੇਖ-ਰੇਖ ਦੀਆਂ ਮੁਲਾਕਾਤਾਂ ਲਈ ਜਾਣਾ, ਕਸਰਤ ਕਰਨਾ, ਅਤੇ ਸਕੂਲ ਜਾਣਾ ਜਾਂ ਕੰਮ 'ਤੇ ਜਾਣਾ ਜੋ ਰਿਮੋਟ ਤੋਂ ਨਹੀਂ ਹੋ ਸਕਦਾ - ਦੇ ਇਲਾਵਾ ਘਰ ਰਹਿਣਾ ਚਾਹੀਦਾ ਹੈ। ਅਸੀਂ ਤੁਹਾਨੂੰ ਇਨ੍ਹਾਂ ਹਦਾਇਤਾਂ ਦੀ ਪਾਲਣਾ ਕਰਨ ਲਈ ਪ੍ਰੇਰਿਤ ਕਰਦੇ ਹਾਂ।

ਅਸੀਂ ਇਹ ਵੀ ਕਹਿੰਦੇ ਹਾਂ ਕਿ ਯੋਗ ਹੋਣ 'ਤੇ ਤੁਸੀਂ ਟੀਕਾ ਲਗਵਾਓ। ਇਸ ਮਹਾਂਮਾਰੀ ਨਾਲ ਲੜਨ ਲਈ ਟੀਕਾ ਲਗਵਾਉਣਾ ਬਹੁਤ ਮਹੱਤਵਪੂਰਨ ਹੈ। ਇਸ ਬਾਰੇ ਵਧੇਰੇ ਜਾਣਕਾਰੀ ਲਈ ਕਿ ਕੌਣ ਯੋਗ ਹੈ ਅਤੇ ਟੀਕੇ ਲਈ ਅਪਾਇੰਟਮੈਂਟ ਕਿਵੇਂ ਬੁੱਕ ਕਰਨੀ ਹੈ, durham.ca/vaccineappintment 'ਤੇ ਜਾਓ। ਟੀਕੇ ਬਾਰੇ ਵਧੇਰੇ ਜਾਣਕਾਰੀ durham.ca/covidvaccines 'ਤੇ ਮਿਲ ਸਕਦੀ ਹੈ।

**ਜੇ ਲੱਛਣ ਹਨ ਤਾਂ ਇਕ ਕੋਵਿਡ-19 ਟੈਸਟ ਬੁੱਕ ਕਰੋ**

ਜੇ ਅਜਿਹੀ ਸੰਭਾਵਨਾ ਹੈ ਕਿ ਤੁਸੀਂ ਕੋਵਿਡ-19 ਦੇ ਸੰਪਰਕ ਵਿੱਚ ਆਏ ਹੋ ਸਕਦੇ ਹਨ, ਕਿਰਪਾ ਕਰਕੇ ਬਿਨਾਂ ਦੇਰੀ ਕੀਤੇ ਟੈਸਟ ਕਰਵਾਓ। ਜੇ ਤੁਸੀਂ ਜਾਂ ਤੁਹਾਡੇ ਪਰਿਵਾਰ ਵਿੱਚ ਕੋਈ ਬੀਮਾਰ ਮਹਿਸੂਸ ਕਰਦਾ ਹੈ, ਤਾਂ ਅਸੀਂ ਤੁਹਾਨੂੰ ਤੁਰੰਤ Covidswab.lh.ca 'ਤੇ ਕੋਵਿਡ-19 ਟੈਸਟ ਬੁਕ ਕਰਨ ਲਈ ਪ੍ਰੇਰਿਤ ਕਰਦੇ ਹਾਂ।

ਕੋਵਿਡ-19 ਟੈਸਟ ਵਿੱਚ ਦੇਰੀ ਕਰਨ ਨਾਲ ਅਣਜਾਣੇ ਵਿੱਚ ਵਾਇਰਸ ਫੈਲਾਉਣ ਦਾ ਜੋਖਮ ਵੱਧ ਜਾਂਦਾ ਹੈ। ਜਦੋਂ ਤੁਸੀਂ ਆਪਣੀ ਅਪਾਇੰਟਮੈਂਟ ਬੁੱਕ ਕਰਦੇ ਹੋ, ਕਿਰਪਾ ਕਰਕੇ ਨਤੀਜਾ ਆਉਣ ਤਕ ਅਲੱਗ ਰਹੋ। ਦੁਬਾਰਾ, ਤੁਸੀਂ ਆਪਣੇ ਟੈਸਟ ਦੇ ਨਤੀਜਿਆਂ ਨੂੰ ਜਾਣਨ ਤੋਂ ਪਹਿਲਾਂ ਅਣਜਾਣੇ ਵਿੱਚ ਵਾਇਰਸ ਫੈਲਾ ਸਕਦੇ ਹੋ। ਟੈਸਟਿੰਗ ਆਸਾਨ ਅਤੇ ਤੇਜ਼ ਹੈ, ਅਤੇ Durham ਵਿੱਚ ਚੁਣਨ ਲਈ ਬਹੁਤ ਸਾਰੇ ਟੈਸਟਿੰਗ ਸਥਾਨ ਹਨ - www.lh.ca 'ਤੇ ਸਥਾਨ ਦੇਖੋ।

**ਆਪਣੀ ਸੁਰੱਖਿਆ ਨੂੰ ਨਾ ਘਟਾਓ**

ਕਿਰਪਾ ਕਰਕੇ ਜਨਤਕ ਸਿਹਤ ਦੇ ਦਿਸ਼ਾ-ਨਿਰਦੇਸ਼ਾਂ ਦਾ ਪਾਲਣ ਕਰਨਾ ਜਾਰੀ ਰੱਖੋ, ਜਿਸ ਵਿੱਚ ਆਪਣੇ ਹੱਥਾਂ ਨੂੰ ਲਗਾਤਾਰ ਧੋਣਾ, ਆਪਣੇ ਘਰ ਤੋਂ ਬਾਹਰ ਹੋਣ ਵੇਲੇ ਇੱਕ ਮਾਸਕ ਪਾਉਣਾ ਅਤੇ ਸਰੀਰਕ ਦੂਰੀਆਂ ਦਾ ਅਭਿਆਸ ਕਰਨਾ ਸ਼ਾਮਲ ਹੈ। ਇਕੱਠੇ ਮਿਲ ਕੇ, ਸਾਡੀਆਂ ਕੋਸ਼ਿਸ਼ਾਂ ਨੇ ਮਹਾਂਮਾਰੀ ਦੀਆਂ ਮੁਢਲੀਆਂ ਲਹਿਰਾਂ ਦੇ ਦੌਰਾਨ ਇੱਕ ਫਰਕ ਲਿਆਂਦਾ ਜਦੋਂ ਅਸੀਂ ਬਿਮਾਰੀ ਵਿੱਚ ਵਾਧੇ ਨੂੰ ਮੋੜਨ ਵਿੱਚ ਸਫਲ ਹੋਏ।

ਅਸੀਂ ਤੁਹਾਡੇ 'ਤੇ ਭਰੋਸਾ ਕਰ ਰਹੇ ਹਾਂ ਅਤੇ ਅਸੀਂ ਜਾਣਦੇ ਹਾਂ ਕਿ ਅਸੀਂ ਇਸ ਨੂੰ ਦੁਬਾਰਾ ਕਰ ਸਕਦੇ ਹਾਂ!

**ਅਗਲੇ ਚਾਰ ਹਫਤਿਆਂ ਵਿੱਚ ਘਰ ਵਿੱਚ ਰਹਿਣ ਦੇ ਆਰਡਰ ਦੇ ਦੌਰਾਨ ਤੁਹਾਡੀਆਂ ਕਾਰਵਾਈਆਂ ਅਤੇ ਫੈਸਲੇ ਮਹੱਤਵਪੂਰਨ ਹਨ ਅਤੇ ਸਾਡੇ ਭਾਈਚਾਰੇ ਦੀ ਸਿਹਤ 'ਤੇ ਸਿੱਧਾ ਅਸਰ ਪਾਉਂਦੇ ਹਨ।**

ਸੁਣਨ ਲਈ ਅਤੇ ਵਧੇਰੇ ਮਹੱਤਵਪੂਰਨ ਤੌਰ 'ਤੇ, ਕਾਰਵਾਈ ਕਰਨ ਲਈ ਧੰਨਵਾਦ। Lakeridge Health ਜ਼ਿੰਦਗੀ ਨੂੰ ਬਚਾਉਣ, ਆਰਾਮ ਪਹੁੰਚਾਉਣ, ਅਤੇ ਸਾਡੇ ਭਾਈਚਾਰੇ ਨੂੰ ਤੰਦਰੁਸਤ ਅਤੇ ਸੁਰੱਖਿਅਤ ਰੱਖਣ ਲਈ 24-ਘੰਟੇ ਕੰਮ ਕਰ ਰਹੀ ਹੈ। ਕਿਰਪਾ ਕਰਕੇ ਆਪਣਾ ਹਿੱਸਾ ਨਿਭਾ ਕੇ ਸਾਡੀ ਮਦਦ ਕਰੋ।

ਸਨਮਾਨ ਸਹਿਤ,

Cynthia Davis
ਪ੍ਰੈਜ਼ੀਡੈਂਟ ਅਤੇ CEO

Dr. Tony Stone
ਚੀਫ਼ ਆਫ਼ ਸਟਾਫ਼